# TODAY'S HUKAMNAMA FROM SRI DARBAR SAHIB
## Sri Amritsar.

**[June 23, 2013, Sunday 04:30 AM. IST]**

ਸੋਰਠਿ ਮਹਲਾ ੫ ॥

ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥ ਗੁਰਿ ਪੂਰੈ ਹੈ ਰਾਖੀ ॥ ਸਰਣਿ ਸਚੇ ਕੀ ਤਾਕੀ ॥੧॥ ਪਰਮੇਸਰੁ ਆਪਿ ਹੋਆ ਰਖਵਾਲਾ ॥ ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥ ਅਪਣੀ ਕਿਰਪਾ ਧਾਰੀ ॥ ਤਿਨਿ ਸਗਲੀ ਬਾਤ ਸਵਾਰੀ ॥੨॥ ਪ੍ਰਭਿ ਅਪਨਾ ਬਿਰਦੁ ਸਮਾਰਿਆ ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥੩॥ ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥ ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੁਝ ਸ਼ਬਦ ਘਰ ਪਰਵਾਰ ਵਿਚ ਵਾਪਰੀਆਂ ਜ਼ਾਤੀ ਘਟਨਾਵਾਂ ਬਾਰੇ ਹਨ ।ਵਿਸ਼ੇਸ਼ ਕਰਕੇ ਸਾਬਿਜ਼ਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਦੋਖੀਆਂ ਵੱਲੋਂ ਹੋਏ ਹਮਮਿਲਆਂ ਤੇ ਪ੍ਰਮੇਸ਼ਵਰ ਵੱਲੋਂ ਬਚਾਓ ਦੇ ਸ਼ੁਕਰਨੇ ਵੱਜੋਂ ਇਹ ਸ਼ਬਦ ਉਚਾਰੇ ਗਏ ਹਨ ਪਰੰਤੂ ਇਨ੍ਹਾਂ ਦਾ ਸੰਬੰਧ ਸਾਰੇ ਸ਼ਰਧਾਲੂ ਸਿੱਖਾ ਦੇ ਨਾਲ ਹੈ ਜਿਵੇਂ ਇਸ ਸ਼ਬਦ ਵਿਚ ਪ੍ਰਵਾਰ ਦੇ ਰੋਗ ਮੁਕਤ ਹੋਣ ਤੇ ਪ੍ਰਮੇਸ਼ਵਰ ਦਾ ਧੰਨਵਾਦ ਕੀਤਾ ਹੈ ।ਜਿਨ੍ਹਾਂ ਨੇ ਗੁਰੂ ਦੀ ਸੰਗਤ ਦੁਆਰਾ ਪ੍ਰਭੂ ਦੀ ਸ਼ਰਣ ਲਈ ਹੁੰਦੀ ਹੈ ਉਨ੍ਹਾਂ ਦੇ ਦੁੱਖਾਂ ਕਸ਼ਟਾ ਵਿਚ ਵਾਹਿਗੁਰੂ ਸਹਾਇਤਾ ਕਰਦਾ ਹੈ ।ਪ੍ਰਭੂ ਉਨ੍ਹਾਂ ਦੇ ਗੁਣ ਔਗੁਣ ਵੀ ਨਹੀਂ ਵਿਚਾਰਦਾ ਤੇ ਆਪਣਾ ਬਿਰਦ ਪਾਲਣ ਵੱਜੋਂ ਆਪਣੇ ਸਿੱਖ ਸੇਵਕਾਂ ਦੀ ਰੱਖਿਆ ਕਰਦਾ ਹੈ ।